# ਗ਼ੈਰ-ਖੇਤੀਬਾੜੀ ਥਾਵਾਂ ਵਿੱਚ ਘੱਟੋ ਘੱਟ ਐਕਸਪੋਜ਼ਰ (ਖਿਲਰਨ) ਵਾਲੇ ਕੀਟਨਾਸ਼ਕਾਂ (MEPs) ਲਈ ਸੁਰੱਖਿਆ ਨਿਯਮ

**ਕੀਟਨਾਸ਼ਕ ਤੁਹਾਡੇ ਸਰੀਰ ਤੇ ਕਈ ਤਰੀਕਿਆਂ ਨਾਲ ਪੈ ਸਕਦੇ ਹਨ ਅਤੇ ਤੁਹਾਨੂੰ ਬੀਮਾਰ ਕਰ ਸਕਦੇ ਹਨ।** ਉਹ ਤੁਹਾਡੇ ਸਾਹ ਲੈਣ ਨਾਲ ਤੁਹਾਡੀ ਚਮੜੀ, ਅੱਖਾਂ ਜਾਂ ਫੇਫੜਿਆਂ ਵਿੱਚ ਚਲੇ ਜਾਂਦੇ ਹਨ।



## "ਘੱਟੋ ਘੱਟ ਐਕਸਪੋਜ਼ਰ (ਖਿਲਰਨ) ਵਾਲੇ ਕੀਟਨਾਸ਼ਕ" ਕਿਹੜੇ ਹਨ ?

ਕੁਝ ਕੀਟਨਾਸ਼ਕਾਂ ਨੂੰ "ਘੱਟੋ ਘੱਟ ਐਕਸਪੋਜ਼ਰ (ਖਿਲਰਨ) ਵਾਲੇ ਕੀਟਨਾਸ਼ਕਾਂ" ਜਾਂ MEPs ਕਿਹਾ ਜਾਂਦਾ ਹੈ, ਕਿਉਂਕਿ ਇਹ ਯਕੀਨੀ ਬਣਾਉਣਾ ਬਹੁਤ ਅਹਿਮ ਹੈ ਕਿ ਜਿੱਥੋਂ ਤਕ ਸੰਭਵ ਹੋਵੇ, ਤੁਹਾਡਾ ਸਰੀਰ ਇਨ੍ਹਾਂ ਤੋਂ ਘੱਟ ਤੋਂ ਘੱਟ ਪ੍ਰਭਾਵਿਤ ਹੋਵੇ। MEPs ਤੁਹਾਨੂੰ ਕਈ ਅਜਿਹੇ ਤਰੀਕਿਆਂ ਨਾਲ ਨੁਕਸਾਨ ਪੁਚਾ ਸਕਦੇ ਹਨ, ਜਿਨ੍ਹਾਂ ਵੱਲ ਤੁਹਾਡਾ ਧਿਆਨ ਫੌਰਨ ਨਹੀਂ ਜਾਂਦਾ। ਜੇ ਤੁਸੀਂ ਉਨ੍ਹਾਂ ਦੇ ਅਸਰ ਹੇਠ ਆ ਜਾਂਦੇ ਹੋ, ਤਾਂ ਉਹ ਤੁਹਾਡੇ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਤੁਹਾਨੂੰ ਇਹੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਨ੍ਹਾਂ ਦਾ ਤੁਹਾਨੂੰ ਬਹੁਤ ਦੇਰ ਬਾਅਦ ਪਤਾ ਲਗ ਸਕਦਾ ਹੈ।

### ਹੇਠਾਂ ਉਹ ਦੋ MEPs ਹਨ ਜਿਨ੍ਹਾਂ ਨੂੰ ਸ਼ਾਇਦ ਤੁਸੀਂ ਇਸਤੇਮਾਲ ਕੀਤਾ ਹੈ:

### 1. ਬਕਟਰਿੱਲ

- **ਇਸਤੇਮਾਲ**: ਸਜਾਵਟੀ ਘਾਹ ਵਿਚਲੇ ਚੌੜੇ ਪੱਤਿਆਂ ਨੂੰ ਖ਼ਤਮ ਕਰਦਾ ਹੈ। ਇਸਦੀ ਵਰਤੋਂ ਖੁਲ੍ਹੀਆਂ ਥਾਵਾਂ ਦੀ ਸਾਂਭ ਸੰਭਾਲ ਅਤੇ ਰਾਈਟਸ-ਆਫ਼-ਵੇ ਲਈ ਕੀਤੀ ਜਾਂਦੀ ਹੈ।
- **ਖ਼ਤਰਾ**: ਜੇ ਤੁਸੀਂ ਗਰਭਵਤੀ ਔਰਤ ਹੋ, ਅਤੇ ਇਸ ਕੀਟਨਾਸ਼ਕ ਦਾ ਥੋੜਾ ਜਿਹਾ ਅਸਰ ਵੀ ਲੈ ਲੈਂਦੇ ਹੋ, ਇਹ ਤੁਹਾਨੂੰ ਅਤੇ/ਜਾਂ ਤੁਹਾਡੇ ਗਰਭ ਵਿਚਲੇ ਬੱਚੇ ਦੋਹਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

### 2. ਮੈਟਾਸਿਸਟੋਕਸ-ਆਰ [Metasystox-R (MSR)] ਅਤੇ ਇੰਜੈਕਟ-ਏ-ਸਾਈਡ [Inject-A-Cide]

- **ਇਸਤੇਮਾਲ**: ਵੱਡੇ ਬਾਗਾਂ-ਬਗੀਚਿਆਂ ਦੀ ਸਾਂਭ ਸੰਭਾਲ ਅਤੇ ਰਾਈਟਸ-ਆਫ਼-ਵੇ ਵਿਚਲੇ ਕੀੜਿਆਂ ਅਤੇ ਪੱਤ ਜੁਆਂ ਨੂੰ ਮਾਰਦਾ ਹੈ।
- **ਖ਼ਤਰਾ**: ਇਹ ਕੀਟਨਾਸ਼ਕ ਤੁਹਾਡੇ ਤੰਤੂ (ਨਰਵਜ਼) ਸਿਸਟਮ ਨੂੰ ਪ੍ਰਭਾਵਿਤ ਕਰ ਸਕਦੇ ਹਨ। ਜੇ ਤੁਹਾਡੇ 'ਤੇ ਇਨ੍ਹਾਂ ਦਾ ਬਹੁਤ ਜ਼ਿਆਦਾ ਅਸਰ ਹੋ ਜਾਂਦਾ ਹੈ, ਤਾਂ ਤੁਹਾਨੂੰ ਫੌਰਨ ਉਲਟੀਆਂ ਆਉਣੀਆਂ ਸ਼ੁਰੂ ਹੋ ਸਕਦੀਆਂ ਹਨ। ਸਿਰ ਦਰਦ ਹੋ ਸਕਦਾ ਹੈ, ਢਿਡ ਵਿੱਚ ਤਕਲੀਫ ਹੋ ਸਕਦਾ ਹੈ, ਜਾਂ ਨਜ਼ਰ ਧੁੰਦਲੀ ਹੋ ਸਕਤੀ ਹੈ। ਜੇ ਤੁਸੀਂ ਮਰਦ ਹੋ ਅਤੇ ਇਹਨਾਂ ਕੀਟਨਾਸ਼ਕਾਂ ਦਾ ਅਸਰ ਤੁਹਾਡੇ ਤੇ ਭਾਵੇਂ ਥੋੜੀ ਦੇਰ ਹੀ ਹੋਏ, ਤਾਂ ਤੁਹਾਡੀ ਬੱਚੇ ਪੈਦਾ ਕਰਨ ਕੀ ਸਮਰੱਥਾ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਸੁਰੱਖਿਆ ਗੁਰ

6

**ਇਹ ਗੱਲ ਨੂੰ ਯਕੀਨੀ ਬਣਾਉਣਾ ਅਹਿਮ ਹੈ, ਕਿ ਤੁਹਾਡਾ ਸਰੀਰ ਜਿੰਨਾ ਹੋ ਸਕੇ MEPs ਦੇ ਸੰਪਰਕ ਵਿੱਚ ਘੱਟ ਤੋਂ ਘੱਟ ਆਏ।**

## ਜਦੋਂ ਮੈਂ ਇਕ MEP ਦਾ ਇਸਤੇਮਾਲ ਕਰਦਾ ਹਾਂ, ਤਾਂ ਮੇਰੀ ਸੁਰੱਖਿਆ ਲਈ ਮੇਰੇ ਮਾਲਿਕ ਨੂੰ ਕੀ ਕਰਨਾ ਚਾਹੀਦਾ ਹੈ ?

ਜਦੋਂ ਤੁਸੀਂ MEPs ਨਾਲ ਕੰਮ ਕਰਦੇ ਹੋ, ਤਾਂ ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਕੋਲ:

- ਸਾਫ਼ ਕਵਰਆਲ (ਇਹ ਇਕ ਜਾਂ ਦੋ ਹਿੱਸਿਆਂ ਵਿੱਚ ਇਕ ਵਸਤਰ ਹੁੰਦਾ ਹੈ) ਜੋ ਤੁਹਾਡੇ ਸਿਰ, ਹੱਥਾਂ ਅਤੇ ਪੈਰਾਂ ਤੋਂ ਸਿਵਾਏ ਸਾਰੇ ਸਰੀਰ ਨੂੰ ਢੱਕ ਲਵੇ। ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਰੋਜ਼ ਇਕ ਸਾਫ਼ ਕਵਰਆਲ ਨਾਲ ਆਪਣਾ ਕੰਮ ਸ਼ੁਰੂ ਕਰੋ।
- ਸਾਫ਼, ਰਸਾਇਣ ਪ੍ਰਤਿਰੋਧਕ ਕੱਪੜੇ ਜੋ ਤੁਹਾਡੇ ਸਰੀਰ, ਹੱਥਾਂ ਅਤੇ ਪੈਰਾਂ ਨੂੰ ਕਜ ਲੈਂਦੇ ਹਨ।
- ਸਹੀ ਕਿਸਮ ਦਾ ਰੈਸਪੀਰੇਟਰ (ਰੈਸਪੀਰੇਟਰਾਂ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਿਕ ਨੂੰ N-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ)।
- ਕੀਟਨਾਸ਼ਕ ਰਲਾਉਣ ਅਤੇ ਲੱਦਣ ਦੇ ਕੰਮ ਲਈ ਇਕ ਬੰਦ ਸਿਸਟਮ ਤਾਂ ਜੋ ਕੀਟਨਾਸ਼ਕ ਤੁਹਾਡੇ ਤੇ ਸਿੱਧਾ ਅਸਰ ਨਾ ਪਾ ਸਕਣ (ਇਸ ਬਾਰੇ ਹੋਰ ਵੱਧ ਜਾਣਕਾਰੀ ਲਈ ਆਪਣੇ ਮਾਲਿਕ ਨੂੰ N-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ)।
- ਜਿੱਥੇ ਤੁਸੀਂ ਕੀਟਨਾਸ਼ਕ ਰਲਾਉਂਦੇ ਅਤੇ ਲੱਦਦੇ ਹੋ ਉਸ ਥਾਂ ਤੇ ਆਮ ਹੱਥ ਧੋਣ ਲਈ ਅਤੇ ਕਿਸੇ ਐਮਰਜੈਂਸੀ ਦੀ ਸਥਿੱਤੀ ਲਈ ਇਕੋਵਾਰ ਇਸਤੇਮਾਲ ਕੀਤੇ ਜਾਣ ਵਾਲੇ ਸਿੰਗਲ-ਯੂਜ਼ ਤੌਲੀਏ, ਸਾਬਣ ਅਤੇ ਕਾਫ਼ੀ ਪਾਣੀ ਹੋਣਾ ਚਾਹੀਦਾ ਹੈ।
- ਜਦੋਂ ਤੁਸੀਂ ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ, ਤੁਹਾਡੇ ਕੱਪੜੇ ਸਟੋਰ ਕਰਨ ਲਈ ਇਕ ਸਾਫ਼ ਕੀਟਨਾਸ਼ਕ ਮੁਫ਼ਤ ਜਗ੍ਹਾ ਹੋਣੀ ਚਾਹੀਦੀ ਹੈ।
- ਸਾਫ਼ ਤੌਲੀਆ, ਸਾਬਣ ਅਤੇ ਪਾਣੀ ਵਾਲੀ ਇਕ ਜਗਹ ਜਿੱਥੇ ਤੁਸੀਂ ਆਪਣਾ ਦਿਨ ਦਾ ਕੰਮ ਖ਼ਤਮ ਕਰਕੇ ਨਹਾ ਧੋ ਕੇ ਆਪਣੇ ਕੱਪੜੇ ਬਦਲ ਸਕਦੇ ਹੋ।



## ਕੀ ਕੋਈ ਵਿਸ਼ੇਸ਼ ਨਿਯਮ ਹਨ, ਜਿਨ੍ਹਾਂ ਬਾਰੇ ਮੈਨੂੰ ਜਾਣਨਾ ਚਾਹੀਦਾ ਹੈ ?

ਜੇ ਤੁਸੀਂ ਆਪਣੀ ਸੁਰੱਖਿਆ ਲਈ ਵਿਸ਼ੇਸ਼ ਕਿਸਮ ਦੇ ਉਪਕਰਣ ਇਸਤੇਮਾਲ ਕਰਦੇ ਹੋ, ਹੋ ਸਕਦਾ ਹੈ ਤੁਹਾਨੂੰ ਪੂਰੇ ਸਰੀਰ ਦੇ ਨਿੱਜੀ ਉਪਕਰਣ (PPE) ਪਾਣ ਦੀ ਜ਼ਰੂਰਤ ਨਾ ਹੋਵੇ। ਉਪਕਰਣਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਆਪਣੇ ਮਾਲਿਕ ਨੂੰ N-3 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ। ਹੇਠਾਂ ਦਿੱਤੀ ਸਾਰਣੀ ਵਿੱਚ ਬਦਲਵੇਂ (ਵਿਕਲਪਿਕ) ਉਪਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

**ਉਹ ਨਿੱਜੀ ਸੁਰੱਖਿਆ ਉਪਕਰਣ ਜਿਨ੍ਹਾਂ ਦੀ ਤੁਹਾਨੂੰ ਬੰਦ ਸਿਸਟਮਾਂ, ਬੰਦ ਗੱਡੀਆਂ ਜਾਂ ਪਾਣੀ ਦੇ ਘੋਲ ਵਾਲੀ ਪੈਕੇਜਿੰਗ ਇਸਤੇਮਾਲ ਕਰਨ ਦੌਰਾਨ ਜ਼ਰੂਰਤ ਹੁੰਦੀ ਹੈ**

| ਜੇ ਤੁਸੀਂ ਇਸਤੇਮਾਲ ਕਰਦੇ ਹੋ | ਤੁਸੀਂ ਇਸਤੇਮਾਲ ਕਰ ਸਕਦੇ ਹੋ[1] | ਇਸ ਦੀ ਬਜਾਇ |
|---|---|---|
| "ਖ਼ਤਰਾ" ਜਾਂ "ਚੇਤਾਵਨੀ" ਵਾਲੇ ਕੀਟਨਾਸ਼ਕ ਲਈ ਬੰਦ ਸਿਸਟਮ[2] | ਸਾਰੇ ਸਰੀਰ ਨੂੰ ਢੱਕਣ ਵਾਲੇ ਕਵਰਆਲ, ਰਸਾਇਣ-ਰੋਧਕ ਦਸਤਾਨੇ, ਰਸਾਇਣ ਪ੍ਰਤਿਰੋਧਕ ਐਪਰਨ ਅਤੇ ਅੱਖਾਂ ਦੀ ਸੁਰੱਖਿਆ | ਕੀਟਨਾਸ਼ਕ ਲੇਬਲ ਅਨੁਸਾਰ PPE ਨਿਯਮਾਂ ਅਤੇ ਬੰਦਸ਼ ਵਾਲੇ ਸਾਮਾਨ ਦੇ ਪਰਮਿਟ ਦੀ ਸ਼ਰਤ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| "ਸਾਵਧਾਨੀ" ਵਾਲੇ ਕੀਟਨਾਸ਼ਕ ਵਾਲੇ ਬੰਦ ਸਿਸਟਮ[2] | ਕੰਮ ਕਰਨ ਵਾਲੇ ਕੱਪੜੇ (ਕਮੀਜ਼, ਪੈਂਟ, ਜੁੱਤੀ) ਅੱਖਾਂ ਦੀ ਸੁਰੱਖਿਆ | ਕੀਟਨਾਸ਼ਕ ਲੇਬਲ ਅਨੁਸਾਰ PPE ਨਿਯਮਾਂ ਅਤੇ ਬੰਦਸ਼ ਵਾਲੇ ਸਾਮਾਨ ਦੇ ਪਰਮਿਟ ਦੀ ਸ਼ਰਤ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| ਬੰਦ ਗੱਡੀ | ਕੰਮ ਕਰਨ ਵਾਲੇ ਕੱਪੜੇ ਅਤੇ ਲੇਬਲ ਵਿੱਚ ਸਾਹ ਲੈਣ ਸੰਬੰਧੀ ਸੁਰੱਖਿਆ ਜੋ ਲੇਬਲ ਵਿੱਚ ਦੱਸੀ ਗਈ ਹੈ | ਕੀਟਨਾਸ਼ਕ ਲੇਬਲ ਅਨੁਸਾਰ PPE ਨਿਯਮਾਂ ਅਤੇ ਬੰਦਸ਼ ਵਾਲੇ ਸਾਮਾਨ ਦੇ ਪਰਮਿਟ ਦੀ ਸ਼ਰਤ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| ਸਾਹ ਦੇ ਸਿਸਟਮ ਦੀ ਸੁਰੱਖਿਆ ਲਈ ਮੰਜ਼ੂਰਸ਼ੁਦਾ ਬੰਦ ਗੱਡੀ[3] | ਕੰਮ ਤੇ ਪਾਣ ਵਾਲੇ ਕੱਪੜੇ | ਕੀਟਨਾਸ਼ਕ ਲੇਬਲ ਅਨੁਸਾਰ PPE ਨਿਯਮਾਂ ਅਤੇ ਬੰਦਸ਼ ਵਾਲੇ ਸਾਮਾਨ ਦੇ ਪਰਮਿਟ ਦੀ ਸ਼ਰਤ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |

1 ਕਿਸੇ ਵਿਕਲਪ ਲਈ, ਲੇਬਲ ਅਨੁਸਾਰ ਚਾਹੀਦੇ ਨਿੱਜੀ ਸੁਰੱਖਿਆ ਉਪਕਰਣ, ਨਿਯਮਾਂ ਅਤੇ ਸੀਮਿਤ ਸਮੱਗਰੀ, ਤਹਿਤ ਸਾਰੇ ਲੋੜੀਂਦੇ PPE ਫੌਰੀ ਜ਼ਰੂਰਤ ਵੇਲੇ ਮੌਕੇ ਤੇ ਉਪਲਬਧ ਹੋਣੇ ਚਾਹੀਦੇ ਹਨ।

2 ਪਾਣੀ ਦੇ ਘੋਲ ਵਾਲੀ ਪੈਕੇਜਿੰਗ ਵਾਲੇ ਕੀਟਨਾਸ਼ਕਾਂ ਦਾ ਇਸਤੇਮਾਲ ਵੀ ਬੰਦ ਸਿਸਟਮ ਵਿੱਚ ਕੀਟਨਾਸ਼ਕਾਂ ਦੇ ਇਸਤੇਮਾਲ ਵਰਗਾਂ ਹੈ, ਪਰ ਘੋਲ ਵਾਲੇ ਟੈਂਕ ਤੋਂ ਇਸਤੇਮਾਲ ਵਾਲੇ ਟੈਂਕ ਵਿੱਚ ਕੀਟਨਾਸ਼ਕ ਪਾਣਾ ਹੋਵੇ, ਤਾਂ ਇਕ ਬੰਦ ਸਿਸਟਮ ਦਾ ਇਸਤੇਮਾਲ ਕਰੋ।

3 ਇਸ ਕਿਸਮ ਦੀ ਬੰਦ ਗੱਡੀ ਨੂੰ ਅਮਰੀਕਨ ਸੁਸਾਇਟੀ ਆਫ਼ ਐਗਰੀਕਲਚਰਲ ਐਂਡ ਬਾਇਓਲੌਜਿਕਲ ਇੰਜੀਨਿਅਰਸ [American Society of Agricultural and Biological Engineers (ASABE)] ਮਾਪਦੰਡਾਂ 'ਤੇ ਪੂਰਾ ਉਤਰਨਾ ਚਾਹੀਦਾ ਹੈ। ਹੋਰ ਜਾਣਕਾਰੀ ਲਈ, www.cdpr.ca.gov ਤੇ "ਇੰਜੀਨਿਅਰਿੰਗ ਕੰਟਰੋਲਸ" ਵੇਖੋ।



*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**